ਥਾਂ ਤੇ ਅੱਗ ਦੀ ਭੇਟ ਕਰ ਦਿਤਾ ਗਿਆ । ਜਾਣ ਲਗਿਆਂ ਕਹਿੰਦਾ ਸੀ ਮੇਰਾ ਮੂੰਹ ਪਹਾੜ ਦੀ ਹਰਿਆਵਲ ਵਨੀ ਕਰਕੇ ਰਖਣਾਂ ਤਾਕੇ ਮੈਂ ਠੰਡੀ ਹਵਾ ਤੇ ਹਰਿਆਵਲ ਵਿਚ ਹੀ ਰਹਾਂ । ਹੁਣ ਜਦੋਂ ਦੇਸ਼ ਜਾਈਦਾ ਹੈ ਸਪਰੂਨ ਦੀ ਆਤਮਕ ਗਿਆਨ ਦੀ ਥਾਂ ਤੋਂ ਲੰਘਨ ਲਗਿਆ ਸਿਰ ਆਪੇ ਹੀ ਝੁਕ ਜਾਂਦਾ ਹੈ ਤੇ ਇਉਂ ਲਗਦਾ ਹੈ ਭਾਈ ਭਗਵਾਨ ਸਿੰਘ ਦੀ ਚੁਪ ਸਮਾਧ ਹਰ ਇਕ ਗਦਰ ਇਤਹਾਸ ਦੀ ਪਕੀ ਬੁਨਿਆਦ ਹੈ । ਇਨਾਂ ਇਨਾਂ ਵਿਚ ਜਗਮਗਾਉਂਦੀ ਸ਼ੇਰ ਦੀ ਰਾਖ਼ ਕਦੇ ਵੀ ਥੋਦੇ ਸਮਾਜ਼ ਦੀਆਂ ਧੱਜੀਆਂ ਉਡ ਸਕਦੀ ਹੈ ।

ਤੁਹਾਡਾ

ਗੁਰਸੇਵਾ ਸਿੰਘ ਢਿਲੋਂ

Bh.Bhagwan Singh,President



'ਭਾਈ' ਭਗਵਾਨ ਸਿੰਘ
(ਗਦਰ ਪਾਰਟੀ ਦੇ ਪਿਛੋਂ ਬਣੇ ਪ੍ਰਧਾਨ)

## ਨੌਵੀਂ ਬੈਂਤ (ਗਦਰ ਦੀ ਗੂੰਜ)

### ਇਕ ਦੇਸ਼ ਭਗਤ ਦਾ ਮੁਸੀਬਤ ਵਿਚ ਜੁਦਾ ਹੁੰਦੇ ਹੋਏ ਆਪਣੇ ਵੀਰਾਂ ਨੂੰ ਸੰਦੇਸਾ

ਮੇਰੇ ਪਿਆਰਿਓ ਲਾੜਿਓ ਹਿੰਦ ਦਿਓ, ਸੁਣਨਾ ਆਖਰੀ ਏਹ ਸੁਵਾਲ ਮੇਰਾ ।
ਰਬ ਸੁਖੀ ਰਖੇ ਸਦਾ ਖੁਸ਼ੀ ਵਸੋਂ, ਏਹੋ ਸਤ ਗੁਰੂ ਸੁਣੇ ਸਵਾਲ ਮੇਰਾ ।
ਦਿਲ ਤੁਸਾਂ ਅੰਦਰ ਜਿਸਮ ਦੁਖ ਅੰਦਰ, ਕੀਤਾ ਵੈਰੀਆਂ ਨੇ ਮੰਦਾ ਹਾਲ ਮੇਰਾ ।
ਛੇਤੀ ਵਾਓ ਵਛੋੜੇ ਦੀ ਪੁਟ ਦਿਤਾ, ਬੂਟਾ ਮੇਹਕਿਆ ਸੀ ਫੁੱਲਾਂ ਨਾਲ ਮੇਰਾ ।
ਅਜੇ ਕਲ ਆਯਾ ਅੱਜ ਕੂਚ ਕੀਤਾ, ਪੂਰਾ ਗੁਜ਼ਰਿਆ ਨਾ ਇਕ ਸਾਲ ਮੇਰਾ ।
ਖਿਦਮੱਤ ਕਰੀ ਨਾ ਰੱਜਕੇ ਹਿੰਦ ਦੀ ਮੈਂ, ਰਿਹਾ ਦਿਲ ਦਾ ਦਿਲ ਉਬਾਲ ਮੇਰਾ ।
ਪੰਛੀ ਵਾਂਗ ਦੇਖਾਂ ਚੋਗਾ ਨਹੀਂ ਚੁਗਿਆ, ਸਿਰ ਤੜਕ ਫਸਿਆ ਵਿਚ ਜਾਲ ਮੇਰਾ ।
ਮੈਨੂੰ ਤੁਸਾਂ ਦੀ ਖਿਚ ਮਜਬੂਰ ਕੀਤਾ, ਵੀਰੋ ਰਖਣਾ ਤੁਸਾਂ ਭੀ ਖਿਆਲ ਮੇਰਾ ।
ਨਹੀਂ ਜ਼ਾਲਮਾਂ ਜ਼ੁਲਮ ਦੀ ਕਸਰ ਛੱਡੀ, ਹੋਸੀ ਨਹੀਂ ਨੁਕਸਾਨ ਰਵਾਲ ਮੇਰਾ ।
ਮੇਰਾ ਆਤਮਾਂ ਸਦਾ ਅਡੋਲ ਵੀਰੋ, ਵੈਰੀ ਕਰ ਸਕੂ ਨਾ ਵਿੰਗਾ ਵਾਲ ਮੇਰਾ ।
ਤਨ ਖਾਕ ਦਾ ਜੋ ਅੰਤ ਖਾਕ ਹੋਸੀ, ਐਪਰ ਆਤਮਾਂ ਸਦਾ ਨਿਹਾਲ ਮੇਰਾ ।
ਮੇਰੇ ਬੁਤ ਨੂੰ ਜ਼ਾਲਮਾਂ ਕੈਦ ਕੀਤਾ, ਖੁਲਾ ਫਿਰੇ ਅਜ਼ਾਦ ਖਿਆਲ ਮੇਰਾ ।
ਮੈਨੂੰ ਜ਼ਾਲਮਾਂ ਬੰਨਿਆਂ ਜ਼ਬਰ ਦੱਸਤੀ, ਕੋਈ ਨਹੀਂ ਕਸੂਰ ਰਵਾਲ ਮੇਰਾ ।
ਕੀਤਾ ਜ਼ਾਲਮਾਂ ਦੀ ਜਲਦ ਪੇਸ਼ ਆਊ, ਕੌਣ ਰੋਕਸੀ ਦਿਲੀ ਉਬਾਲ ਮੇਰਾ ।
ਜਾਰੀ ਰਖਣਾ ਕੰਮ ਨਾ ਛੱਡ ਦੇਣਾ, ਮਿਸ਼ਨ ਵਧੇ ਨਾ ਘਟੇ ਰਵਾਲ ਮੇਰਾ ।
ਹੀਰਾ ਹਿੰਦ ਨਾ ਭੁਲ ਸੀ ਕਦੇ ਮੈਨੂੰ, ਜਿਚਰ ਆਖਰੀ ਦਮ ਵਿਚ ਖਾਲ ਮੇਰਾ ।
ਹਿੰਦੁਸਤਾਨ ਰੇਹਸੀ ਹਿੰਦੁਸਤਾਨ ਰੈਹਸੀ, ਹਿੰਦੁਸਤਾਨ ਅੰਦਰ ਵਾਲ ਵਾਲ ਮੇਰਾ ।
ਮਾਤਾ ਹਿੰਦ ਦੀ ਗੋਦ ਦਾ ਦੁਧ ਪੀਤਾ, ਇਜ਼ਤ ਓਸਦੀ ਵਲ ਖਿਯਾਲ ਮੇਰਾ ।
ਖਾਤਰ ਹਿੰਦ ਦੀ ਜਿੰਦ ਭੀ ਵਾਰ ਦੇਣੀ, ਜੇਕਰ ਸਮਝਿਆ ਨੇਕ ਖਿਆਲ ਮੇਰਾ ।

ਭਾਈ ਭਗਵਾਨ ਸਿੰਘ

## سرفروشی کی تمنا

سرفروشی کی تمنا اب ہمارے دل میں ہے ۔ دیکھنا ہے زور کتنا بازوئے قاتل میں ہے
رہبرِ راہِ محبت رہ نہ جانا راہ میں ۔ لذتِ صحرا نوردی دورئ منزل میں ہے
وقت آنے دے بتا دیں گے تجھے اے آسماں ۔ ہم ابھی سے کیا بتائیں کیا ہمارے دل میں ہے
آج مقتل میں یہ قاتل کہہ رہا تھا بار بار ۔ کیا تمنائے شہادت بھی کسی کے دل میں ہے
اے شہیدِ ملک و ملت میں ترے اوپر نثار ۔ تیری قربانی کا چرچا غیر کی محفل میں ہے

(رام پرشاد بسمل) (آزادی کے ترانے ۔ کاشی ناتھ سے لی گئی)